# ਇਸ ਗੱਲ ਦੀਆਂ ਉਦਾਹਰਨਾਂ ਕਿ ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ

ਤੁਹਾਡੀ ਮਦਦ ਕਰ ਸਕਣ ਵਾਲੀਆਂ ਸੇਵਾਵਾਂ ਦੀ ਸੂਚਨਾ ਉਪਲਬਧ ਕਰਾਉਣਾ ਅਤੇ ਉਹਨਾਂ ਬਾਰੇ ਤੁਹਾਡੇ ਨਾਲ ਗੱਲਬਾਤ ਕਰਨਾ

ਇਹ ਸਮਝਾਉਣਾ ਕਿ ਸੇਵਾਵਾਂ ਕਿਵੇਂ ਕੰਮ ਕਰਦੀਆਂ ਹਨ

ਤੁਹਾਡੇ ਵਲੋਂ ਸੇਵਾਵਾਂ ਨਾਲ ਸੰਪਰਕ ਕਰਨਾ

ਤੁਹਾਡੇ ਲਈ ਜ਼ਰੂਰੀ ਸੇਵਾਵਾਂ ਦੀ ਬੇਨਤੀ ਕਰਨ ਵਿੱਚ ਤੁਹਾਡੀ ਮਦਦ ਕਰਨਾ

ਤੁਹਾਡੇ ਨਾਲ ਅਪਾਇਨਟਮੇਂਟਾਂ (ਮੁਲਾਕਾਤਾਂ) ਵਿੱਚ ਭਾਗ ਲੈਣਾ

ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰਨਾ

ਇਹ ਪਤਾ ਲਗਾਉਣਾ ਕਿ ਕੀ ਕੋਈ ਮੁਫਤ ਸੇਵਾਵਾਂ ਉਪਲਬਧ ਹਨ

## ਤੁਸੀਂ ਸਾਡੇ ਬਾਰੇ ਕਿਵੇਂ ਪਤਾ ਲਗਾ ਸਕਦੇ/ਸਕਦੀ ਹੋ?

ਤੁਸੀਂ ਹੇਠਾਂ ਦਿੱਤੇ ਟੇਲੀਫੋਨ ਨੰਬਰ ਤੇ ਸਾਡੇ ਨਾਲ ਸਿੱਧਾ ਸੰਪਰਕ ਕਰ ਸਕਦੇ/ਸਕਦੀ ਹੋ ਜਾਂ ਤੁਸੀਂ ਸਾਡੇ ਦਫਤਰ ਆ ਕੇ ਸਾਡੇ ਨਾਲ ਮਿਲ ਸਕਦੇ/ਸਕਦੀ ਹੋ। ਪਰਿਵਾਰ ਦਾ ਕੋਈ ਮੈਂਬਰ, ਕੋਈ ਦੋਸਤ, ਦੇਖਭਾਲ-ਕਰਤਾ, ਡਾਕਟਰ ਜਾਂ ਦੂਜੇ ਸਿਹਤ ਪੇਸ਼ੇਵਰ ਤੁਹਾਡੇ ਵਲੋਂ ਸਾਡੇ ਨਾਲ ਸੰਪਰਕ ਕਰ ਸਕਦੇ ਹਨ।

☎ **ਫੋਨ:** 9275 6901

**ਫੈਕਸ:** 9285 4882

**ਪਤਾ / ✉ ਡਾਕ:**

Suite 2, 27 Bank Street, Box Hill 3128

(Melways: 47 E10 )

**ਈ-ਮੇਲ:**

wzhang@miceastmelb.com.au

**ਵੈੱਬ-ਸਾਈਟ:**

www.miceastmelb.com.au

ਜੇਕਰ ਤੁਹਾਨੂੰ ਤਰਜਮਾਨ ਦੀ ਲੋੜ ਹੈ, ਤਾਂ ਇਹ ਸੇਵਾ ਤੁਹਾਡੇ ਲਈ ਮੁਫ਼ਤ ਤਰਜਮਾਨ ਦਾ ਪ੍ਰਬੰਧ ਕਰ ਸਕਦੀ ਹੈ।

ਜੇਕਰ ਤੁਸੀਂ ਬੋਲੇ ਹੋ, ਜਾਂ ਫਿਰ ਸੁਣਨ ਜਾਂ ਬੋਲਣ ਦੀ ਕਿਸੇ ਸਮੱਸਿਆ ਨਾਲ ਗ੍ਰਸਤ ਹੋ, ਤਾਂ ਰਾਹੀਂ ਸਾਡੇ ਨਾਲ ਸੰਪਰਕ ਕਰੋ

National Relay Service

TTY: 133 677 | Speak & Listen: 1300 555 727

hacc

home and community care

A JOINT COMMONWEALTH AND STATE/TERRITORY PROGRAM PROVIDING FUNDING AND ASSISTANCE FOR AUSTRALIANS IN NEED

MIGRANT INFORMATION CENTRE eastern melbourne

A.B.N. 27 084 251 669

MIGRANT INFORMATION CENTRE (EASTERN MELBOURNE)

Punjabi

# ਪਹੁੰਚ ਅਤੇ ਸਹਾਇਤਾ ਪ੍ਰੋਗ੍ਰਾਮ

# Access & Support Program







## ਤੁਹਾਨੂੰ ਘਰੇ ਰਹਿਣਾ ਜਾਰੀ ਰੱਖਣ ਲਈ ਮਦਦ ਕਰਨ ਵਾਸਤੇ ਸੇਵਾਵਾਂ ਨਾਲ ਤੁਹਾਡਾ ਸੰਬੰਧ ਸਥਾਪਤ ਕਰਦੇ ਹੋਏ

# ਕੀ ਤੁਸੀਂ ਇਸ ਗੱਲ ਬਾਰੇ ਅਨਿਸ਼ਚਿਤ ਹੋ ਕਿ ਮਦਦ ਕਿਥੋਂ ਲੈਣੀ ਚਾਹੀਦੀ ਹੈ? ਕੀ ਤੁਸੀਂ ਘਰੇ ਰਹਿਣਾ ਜਾਰੀ ਰੱਖਣਾ ਚਾਹੁੰਦੇ/ਚਾਹੁੰਦੀ ਹੋ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

**The Access & Support Program ਪਹੁੰਚ ਅਤੇ ਸਹਾਇਤਾ ਪ੍ਰੋਗ੍ਰਾਮ** ਉਹਨਾਂ ਲੋਕਾਂ ਨੂੰ ਥੋੜੇ ਸਮੇਂ ਦੀ ਨਿਜੀ ਸਹਾਇਤਾ ਉਪਲਬਧ ਕਰਾਉਂਦਾ ਹੈ ਜਿਨ੍ਹਾਂ ਨੂੰ ਘਰੇ ਰਹਿਣਾ ਜਾਰੀ ਰੱਖਣ ਲਈ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨ ਵਾਸਤੇ ਮਦਦ ਦੀ ਲੋੜ ਹੁੰਦੀ ਹੈ।

### ਅਸੀਂ ਕਿਹੜੇ ਲੋਕਾਂ ਦੀ ਮਦਦ ਕਰ ਸਕਦੇ ਹਾਂ?

ਉਹ ਲੋਕ:

ਜਿਨ੍ਹਾਂ ਨੂੰ ਆਪਣੀਆਂ ਵੱਖ-ਵੱਖ ਜ਼ਰੂਰਤਾਂ* ਨੂੰ ਪੂਰਾ ਕਰਨ ਵਾਲੀਆਂ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ

**ਅਤੇ**

ਜੋ ਬਿਰਧ ਅਤੇ ਕਮਜ਼ੋਰ ਹੁੰਦੇ ਹਨ ਜਾਂ ਯੁਵਾ ਅਤੇ ਵਿਕਲਾਂਗਤਾ ਨਾਲ ਗ੍ਰਸਤ ਹੁੰਦੇ ਹਨ ਅਤੇ ਜਿਹੜੇ ਉਹਨਾਂ ਦੇ ਦੇਖਭਾਲ-ਕਰਤਾ

**ਅਤੇ**

ਜਿਹੜੇ Boroondara, Knox, Manningham, Maroondah, Monash, Whitehorse ਜਾਂ Yarra Ranges ਵਿੱਖੇ ਰਹਿੰਦੇ ਹਨ

** ਬੋਲੀ, ਸਭਿਆਚਾਰ, ਧਾਰਮਿਕ ਪਿਛੋਕੜ, ਡਿਮੈਂਸ਼ੀਆਂ (ਝੱਲ), ਵਿੱਤੀ ਹਾਨੀ, ਜੀਵਨ-ਸ਼ੈਲੀ ਅਤੇ/ਜਾਂ ਆਵਾਸਹੀਨਤਾ ਨਾਲ ਸੰਬੰਧਤ ਜ਼ਰੂਰਤਾਂ*

**ਸਾਡੀਆਂ ਸੇਵਾਵਾਂ ਮੁਫਤ ਅਤੇ ਗੁਪਤ ਹਨ**



**The Home and Community Care (HACC) Program ਘਰੇਲੂ ਅਤੇ ਸਮੁਦਾਇਕ ਦੇਖਭਾਲ (ਹੋਮ ਐਂਡ ਕਮਯੁਨਿਟੀ ਕੇਅਰ—HACC) ਪ੍ਰੋਗ੍ਰਾਮ** ਘਰੇ ਰਹਿਣ ਵਾਲੇ ਲੋਕਾਂ ਨੂੰ ਆਮ ਮਦਦ ਪ੍ਰਦਾਨ ਕਰਦਾ ਹੈ। HACC ਪ੍ਰੋਗ੍ਰਾਮ ਹੇਠਾਂ ਦੱਸੇ ਕੰਮਾਂ ਵਿੱਚ ਲੋਕਾਂ ਦੀ ਮਦਦ ਕਰਦਾ ਹੈ:

☑ ਕਾਰਜਸ਼ੀਲ ਬਣਨ ਵਿੱਚ
☑ ਘਰੇ ਰਹਿਣਾ ਜਾਰੀ ਰੱਖਣ ਵਿੱਚ
☑ ਆਪਣੇ ਸਮੁਦਾਏ ਨਾਲ ਜੁੜਨ ਵਿੱਚ

ਇਹ ਪ੍ਰੋਗ੍ਰਾਮ ਇਹਨਾਂ ਲੋਕਾਂ ਦੇ ਦੇਖਭਾਲ-ਕਰਤਾਵਾਂ ਅਤੇ ਪਰਿਵਾਰਾਂ ਦੀ ਵੀ ਮਦਦ ਕਰਦਾ ਹੈ।

### ਅਸੀਂ ਹੇਠਾਂ ਦਿੱਤੀਆਂ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨ ਵਿੱਚ ਲੋਕਾਂ ਦੀ ਮਦਦ ਕਰਦੇ ਹਾਂ:

- **ਨਿਜੀ ਦੇਖਭਾਲ** ਜਿਵੇਂ ਇਸ਼ਨਾਨ ਕਰਨਾ ਅਤੇ ਕਪੜੇ ਪਾਉਣਾ
- **ਘਰੇਲੂ ਸਹਾਇਤਾ (ਘਰ ਵਿੱਚ ਦੇਖਭਾਲ)** ਜਿਵੇਂ ਕਿ ਸਾਫ-ਸਫਾਈ, ਸ਼ਾਪਿੰਗ ਅਤੇ ਕਪੜੇ ਧੋਣਾ
- **ਤੁਹਾਡੇ ਤਕ ਪਹੁੰਚਾਇਆ ਗਿਆ ਭੋਜਨ** (Meals on Wheels)
- **ਸਮਾਜਕ ਕ੍ਰਿਆਵਾਂ** ਅਤੇ ਸਮੂਹ
- **ਰਾਹਤ ਦੇਖਭਾਲ**—ਦੇਖਭਾਲ-ਕਰਤਾਵਾਂ ਨੂੰ ਅਰਾਮ ਦੇਣ ਲਈ
- **ਸੰਪਤੀ ਦੀ ਸਾਂਭ** ਜਿਵੇਂ ਗਟਰਾਂ ਦੀ ਸਾਫ-ਸਫਾਈ
- **ਅਲਾਇਡ ਹੈਲਥ** ਜਿਵੇਂ ਕਿ ਫਿਜ਼ੀਓਥੈਰੇਪੀ, ਵਿਵਸਾਇਕ ਥੈਰੇਪੀ ਅਤੇ ਪੋਡਾਇਟਰੀ
- **ਨਰਸਿੰਗ** ਜਿਵੇਂ ਸਿਹਤ ਸੰਬੰਧੀ ਸਲਾਹ ਅਤੇ ਜ਼ਖਮ ਦੀ ਦੇਖਭਾਲ





### ਅਧਿਕਾਰ ਅਤੇ ਜ਼ੁੰਮੇਵਾਰੀਆਂ

ਤੁਹਾਡੇ ਕੋਲ *ਅਧਿਕਾਰ* ਹਨ ਕਿ:

- ਤੁਹਾਡੇ ਨਾਲ ਸਨਮਾਨ ਅਤੇ ਨਿਮਰਤਾ ਨਾਲ ਪੇਸ਼ ਆਇਆ ਜਾਵੇ
- ਤੁਹਾਡੀਆਂ ਜ਼ਰੂਰਤਾਂ ਦਾ ਮੁਲਾਂਕਣ ਕੀਤਾ ਜਾਵੇ
- ਤੁਹਾਡੀ ਦੇਖਭਾਲ ਨਾਲ ਸੰਬੰਧਤ ਕੀਤੇ ਜਾਣ ਵਾਲੇ ਫੈਸਲਿਆਂ ਬਾਰੇ ਤੁਹਾਨੂੰ ਸੂਚਿਤ ਕੀਤਾ ਜਾਵੇ ਅਤੇ ਇਹਨਾਂ ਵਿੱਚ ਤੁਹਾਨੂੰ ਸ਼ਾਮਲ ਕੀਤਾ ਜਾਵੇ
- ਤੁਹਾਨੂੰ ਗੁਣਵੱਤਾ ਭਰੀ ਸੇਵਾਵਾਂ ਪ੍ਰਾਪਤ ਹੋਣ
- ਤੁਸੀਂ ਸ਼ਿਕਾਇਤ ਕਰ ਸਕਦੇ/ਸਕਦੀ ਹੋ
- ਕੋਈ ਦੂਜਾ ਵਿਅਕਤੀ ਤੁਹਾਡਾ ਪ੍ਰਤਿਨਿਧੀ ਬਣ ਸਕਦਾ ਹੈ

ਤੁਹਾਡੀਆਂ *ਜ਼ੁੰਮੇਵਾਰੀਆਂ* ਹਨ ਕਿ ਤੁਸੀਂ:

- ਸਟਾਫ ਨਾਲ ਸਨਮਾਨ ਅਤੇ ਨਿਮਰਤਾ ਨਾਲ ਪੇਸ਼ ਆਉ
- ਸਟਾਫ ਨੂੰ ਕੰਮ ਦਾ ਇੱਕ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰੋ
- ਆਪਣੇ ਦੁਆਰਾ ਕੀਤੇ ਜਾਣ ਵਾਲੇ ਫੈਸਲਿਆਂ ਦੇ ਪਰਿਣਾਮਾਂ ਲਈ ਜ਼ੁੰਮੇਵਾਰੀ ਲਵੋ

### ਗੁਪਤਤਾ ਅਤੇ ਗੋਪਨੀਯਤਾ

ਤੁਹਾਡੇ ਕੋਲ ਅਧਿਕਾਰ ਹੈ ਕਿ ਤੁਹਾਡੀ ਗੁਪਤਤਾ ਅਤੇ ਗੋਪਨੀਯਤਾ ਦਾ ਸਨਮਾਨ ਕੀਤਾ ਜਾਵੇ ਅਤੇ ਤੁਸੀਂ ਸੇਵਾ ਦੁਆਰਾ ਆਪਣੇ ਬਾਰੇ ਸੰਭਾਲ ਕੇ ਰੱਖੀ ਗਈ ਨਿਜੀ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰ ਸਕੋ।